**ਕੇਸ ਆਈ.ਡੀ.:**

ਕਾਉਂਟੀ ਜਨਤਕ ਸਹਾਇਤਾ ਦੇ ਰਿਕਾਰਡ ਦਰਸਾਉਂਦੇ ਹਨ ਕਿ ਤੁਹਾਨੂੰ ਫ਼ਾਇਦਿਆਂ ਦੀ ਰਕਮ ਦਾ ਵਾਧੂ ਭੁਗਤਾਨ ਕਰ ਦਿੱਤਾ ਗਿਆ ਹੈ, ਅਤੇ ਇਹ ਨਕਦੀ ਸਹਾਇਤਾ ਦੇ ਵਾਧੂ ਭੁਗਤਾਨ ਅਤੇ/ਜਾਂ CalFresh (ਪਹਿਲਾਂ ਇਸਨੂੰ ਫੂਡ ਸਟੈਂਪਸ ਕਿਹਾ ਜਾਂਦਾ ਸੀ) ਦੇ ਵਾਧੂ ਭੁਗਤਾਨ ਜਾਰੀ ਕਰਨ ਦੇ ਨਤੀਜੇ ਵਜੋਂ, ਬਕਾਇਆ (ਨਿਰਧਾਰਤ ਸਮੇਂ-ਸੀਮਾ ਨੂੰ ਪਾਰ ਕਰ ਚੁੱਕੇ) ਹਨ। ਹੇਠਾਂ ਦਿੱਤੀ ਪਿਛਲੀ ਬਕਾਇਆ ਰਕਮ(ਮਾਂ) ਨੂੰ ਟੈਕਸ ਰਿਫੰਡ ਵਿੱਚ ਰੋਕ ਪਾਉਣ ਲਈ ਫ੍ਰੈਂਚਾਈਜ਼ ਟੈਕਸ ਬੋਰਡ (Franchise Tax Board) ਨੂੰ ਭੇਜਿਆ ਜਾਏਗਾ। ਹੋ ਸਕਦਾ ਹੈ ਇਸ ਨੋਟਿਸ ਵਿੱਚ ਸਾਰੀਆਂ ਪਿਛਲੀਆਂ ਬਕਾਇਆ ਰਕਮਾਂ ਨਾ ਦਿੱਤੀਆਂ ਹੋਣ, ਜਿਹਨਾਂ ਦੇ ਤੁਸੀਂ ਦੇਣਦਾਰ ਹੋ।

**ਨਕਦੀ ਸਹਾਇਤਾ $** **CalFresh $**

ਕਿਉਂਕਿ ਇਸ ਰਕਮ ਦੀ ਵਾਪਸ ਅਦਾਇਗੀ ਨਹੀਂ ਕੀਤੀ ਗਈ ਹੈ, ਇਸ ਲਈ ਫ੍ਰੈਂਚਾਈਜ਼ ਟੈਕਸ ਬੋਰਡ ਇਸ ਪਿਛਲੀ ਬਕਾਇਆ ਰਕਮ ਦੇ ਭੁਗਤਾਨ ਵਿੱਚ ਮਦਦ ਕਰਨ ਲਈ, ਤੁਹਾਡਾ ਸਾਰਾ ਜਾਂ ਅੰਸ਼ਕ ਸੰਭਾਵੀ ਰਾਜ ਆਮਦਨੀ ਟੈਕਸ ਰਿਫੰਡ ਜਾਂ ਲਾਟਰੀ ਦੀ ਜਿੱਤ ਦੀਆਂ ਰਕਮਾਂ (ਜਿਵੇਂ ਕਿ ਕੈਲੀਫੋਰਨੀਆ ਸਰਕਾਰ ਵਿੱਚ ਰਾਜ ਨਿਯੰਤ੍ਰਕ ਕੋਡ ਸੈਕਸ਼ਨ 12419.5 (State Controller in California Government Code Section 12419.5) ਅਤੇ ਸਮਾਜ ਸੇਵਾਵਾਂ ਦੇ ਪਾਲਸੀਆਂ ਅਤੇ ਪ੍ਰਕਿਰਿਆਵਾਂ ਦੇ ਕੈਲੀਫੋਰਨੀਆ ਵਿਭਾਗ ਦੇ ਮੈਨੂਅਲ - ਸੈਕਸ਼ਨ 20-400 (California Department of Social Services Manual of Policies and Procedures - Section 20-400) ਵੱਲੋਂ ਅਧਿਕਾਰ ਦਿੱਤਾ ਗਿਆ ਹੈ) ਨੂੰ ਰੋਕ ਕੇ ਰੱਖੇਗਾ। ਇਹ ਕਾਰਵਾਈ ਤਾਂ ਵੀ ਲਾਗੂ ਹੋਵੇਗੀ, ਭਾਵੇਂ ਤੁਸੀਂ ਆਪਣੇ ਜੀਵਨਸਾਥੀ ਦੇ ਨਾਲ ਸੰਯੁਕਤ ਰੂਪ ਨਾਲ ਟੈਕਸ ਰਿਟਰਨ ਫਾਈਲ ਕਰਦੇ ਹੋ, ਜੋ ਕਿਸੇ ਵੀ ਪਿਛਲੇ ਬਕਾਇਆ ਦਾ ਦੇਣਦਾਰ ਨਹੀਂ ਹੈ।

<u>ਇਸ ਕਾਰਵਾਈ ਲਈ ਪ੍ਰਸ਼ਾਸਕੀ ਸਮੀਖਿਆ (Administrative Review) ਦਾ ਤੁਹਾਡਾ ਹੱਕ</u>

ਜੇਕਰ ਤੁਸੀਂ, ਜਾਂ ਤੁਹਾਡਾ ਜੀਵਨਸਾਥੀ (ਸੰਯੁਕਤ ਟੈਕਸ ਰਿਫੰਡ ਦੀ ਸਥਿਤੀ ਵਿੱਚ) ਕੀਤੀਆਂ ਗਈਆਂ ਕਿਸੇ ਵੀ ਕਾਰਵਾਈਆਂ ਤੋਂ ਅਸਹਿਮਤ ਹੋ, ਤਾਂ ਤੁਸੀਂ ਕਾਉਂਟੀ ਦੇ ਨੁਮਾਇੰਦੇ ਦੇ ਸਨਮੁਖ ਸਮੀਖਿਆ ਦੀ ਬੇਨਤੀ ਕਰ ਸਕਦੇ ਹੋ। ਤੁਹਾਡੇ ਲਈ ਉੱਤੇ ਸੂਚੀਬੱਧ ਕਾਉਂਟੀ ਨੂੰ ਸੰਪਰਕ ਕਰਕੇ ਇਸ ਸਮੀਖਿਆ ਦੀ ਬੇਨਤੀ ਕਰਨਾ ਲਾਜ਼ਮੀ ਹੈ। ਇਸ ਸਮੀਖਿਆ ਵਿੱਚ, ਕਿਸੇ ਵਕੀਲ ਵੱਲੋਂ ਤੁਹਾਡੀ ਨੁਮਾਇੰਦਗੀ ਕੀਤੀ ਜਾ ਸਕਦੀ ਹੈ ਅਤੇ ਤੁਹਾਨੂੰ ਸਬੂਤ ਪੇਸ਼ ਕਰਨ ਅਤੇ ਪਿਛਲੀ ਬਕਾਇਆ ਰਕਮ ਦਾ ਹਿਸਾਬ ਲਗਾਉਣ ਲਈ ਕਾਉਂਟੀ ਵੱਲੋਂ ਵਰਤੇ ਗਏ ਦਸਤਾਵੇਜ਼ਾਂ ਦੀ ਜਾਂਚ ਕਰਨ ਦਾ ਹੱਕ ਹੈ। ਕਾਰਵਾਈ ਦੇ ਮੂਲ ਨੋਟਿਸ ਦੀ ਨਕਲ ਪ੍ਰਾਪਤ ਕਰਨ ਲਈ, ਕਾਉਂਟੀ (ਉੱਤੇ ਸੂਚੀਬੱਧ) ਨੂੰ ਸੰਪਰਕ ਕਰੋ, ਜਿਸ ਵਿੱਚ ਵਾਧੂ ਭੁਗਤਾਨ ਦੇ ਕਾਰਨ ਅਤੇ ਹਿਸਾਬ-ਕਿਤਾਬ ਦਿੱਤਾ ਗਿਆ ਹੈ।

ਕੁਝ ਸੰਭਾਵੀ ਕਾਰਨ ਕਿ ਤੁਸੀਂ ਕਿਉਂ ਅਸਹਿਮਤ ਹੋ ਸਕਦੇ ਹੋ: (1) ਤੁਸੀਂ ਕਦੇ ਵੀ ਨਕਦੀ ਸਹਾਇਤਾ ਜਾਂ CalFresh ਪ੍ਰਾਪਤ ਨਹੀਂ ਕੀਤਾ; (2) ਪਿਛਲੀ ਬਕਾਇਆ ਰਕਮ ਦੇ ਤੌਰ ‘ਤੇ ਦਰਸਾਈ ਗਈ ਰਕਮ ਗ਼ਲਤ ਹੈ; (3) ਦੀਵਾਲਿਆਪਣੇ ਲਈ ਤੁਹਾਡੇ ਫ਼ਾਈਲ ਕਰਨ ਦੇ ਸਮੇਂ ਪ੍ਰਭਾਵੀ ਦੀਵਾਲਿਆ ਕਨੂੰਨਾਂ ਨੇ ਪਿਛਲੀ ਬਕਾਇਆ ਰਕਮ ਦੇ ਤੌਰ ‘ਤੇ ਦਰਸਾਈ ਗਈ ਰਕਮ ਦਾ ਨਿਬੇੜਾ ਕਰ ਦਿੱਤਾ ਸੀ; ਅਤੇ (4) ਕਾਉਂਟੀ ਇਹ ਹਿਸਾਬ ਲਗਾਉਣ ਦੇ ਸਮੇਂ ਕਿ ਤੁਸੀਂ ਕਿੰਨੀ ਰਕਮ ਦੇ ਦੇਣਦਾਰ ਹੋ, ਰਾਜ ਦੇ ਕਨੂੰਨਾਂ, ਅਤੇ ਨਕਦੀ ਸਹਾਇਤਾ ਜਾਂ CalFresh ਦੇ ਵਿਧਾਨਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹੀ ਸੀ।

ਤੁਹਾਡੇ ਰਾਜ ਆਮਦਨੀ ਟੈਕਸ ਰਿਫੰਡ ਵਿੱਚੋਂ, ਜਾਂ ਕੈਲੀਫੋਰਨੀਆ ਰਾਜ ਵੱਲੋਂ ਤੁਹਾਨੂੰ ਦੇਣ ਵਾਲੇ ਹੋਰ ਪੈਸੇ ਵਿੱਚੋਂ ਸੰਭਾਵੀ ਕਟੌਤੀ ਕਰਨ ਤੋਂ ਪਹਿਲਾਂ ਕਾਉਂਟੀ ਨੂੰ ਕੋਈ ਵੀ ਜ਼ਰੂਰੀ ਸੋਧਾਂ ਕਰਨ ਲਈ ਸਮਾਂ ਦੇਣ ਵਾਸਤੇ, ਤੁਹਾਡੀ ਬੇਨਤੀ ਲਾਜ਼ਮੀ ਤੌਰ ‘ਤੇ ਇਸ ਨੋਟਿਸ ਦੀ ਤਾਰੀਖ ਦੇ 30 ਦਿਨਾਂ ਦੇ ਅੰਦਰ-ਅੰਦਰ ਉੱਤੇ ਸੂਚੀਬੱਧ ਕਾਉਂਟੀ ਨੂੰ ਮਿਲ ਜਾਣੀ ਚਾਹੀਦੀ ਹੈ। ਹਾਲਾਂਕਿ, ਤੁਸੀਂ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਆਪਣੇ ਕੇਸ ਦੀ ਸਮੀਖਿਆ ਦੀ ਬੇਨਤੀ ਕਰ ਸਕਦੇ ਹੋ, ਜਿਵੇਂ ਕਿ ਸਮਾਜ ਸੇਵਾਵਾਂ ਦੇ ਪਾਲਸੀਆਂ ਅਤੇ ਪ੍ਰਕਿਰਿਆਵਾਂ ਦੇ ਕੈਲਫੋਰਨੀਆ ਵਿਭਾਗ ਦੇ ਮੈਨੂਅਲ - ਸੈਕਸ਼ਨ 20-407 (California Department of Social Services Manual of Policies and Procedures - Section 20-407) ਵੱਲੋਂ ਅਧਿਕਾਰ ਦਿੱਤਾ ਗਿਆ ਹੈ)।

ਤੁਸੀਂ, ਜਾਂ ਤੁਹਾਡਾ ਜੀਵਨਸਾਥੀ, ਇਹ ਕਾਰਵਾਈ ਨੂੰ ਰੋਕਣ ਲਈ ਅਤੇ ਇਹ ਨਿਰਧਾਰਤ ਕਰਨ ਲਈ ਕਿ ਦਰਸਾਈ ਗਈ ਪਿਛਲੀ ਬਕਾਇਆ ਰਕਮ(ਮਾਂ) ਠੀਕ ਹੈ, ਸੁਪੀਰੀਅਰ ਕੋਰਟ (Superior Court) ਵਿੱਚ ਪਟੀਸ਼ਨ ਵੀ ਦਾਖ਼ਲ ਕਰ ਸਕਦੇ ਹੋ। ਕਿਰਪਾ ਕਰਕੇ ਹੋਰ ਜਾਣਕਾਰੀ ਲਈ ਇਸ ਨੋਟਿਸ ਵਿੱਚ ਉੱਤੇ ਸੂਚੀਬੱਧ ਕਾਉਂਟੀ ਨੂੰ ਸੰਪਰਕ ਕਰੋ।